**ਅਕਾਦਮਿਕ ਸਾਲ 2024-25**

**ਵਿਸ਼ਾ- ਇਤਿਹਾਸ**

**ਸ਼੍ਰੇਣੀ - ਬਾਰ੍ਹਵੀਂ**

**ਮਾਡਲ ਟੈਸਟ ਪੇਪਰ**

**ਸਮਾਂ: 3 ਘੰਟੇ** **ਕੁੱਲ ਅੰਕ:80**

**ਨੋਟ:- ਪ੍ਰਸ਼ਨ ਪੱਤਰ ਛੇ ਭਾਗਾਂ ਵਿੱਚ ੳ,ਅ,ੲ,ਸ,ਹ ਅਤੇ ਕ ਵਿੱਚ ਵੰਡਿਆ ਗਿਆ ਹੈ।**

**ਭਾਗ (ੳ) -** ਬਹੁ-ਵਿਕਲਪੀ ਪ੍ਰਸ਼ਨ:- ਭਾਗ ੳ ਪ੍ਰਸ਼ਨ ਨੰਬਰ 01 ਵਿੱਚ ਦਸ ਬਹੁ-ਵਿਕਲਪੀ ਉਪ-ਪ੍ਰਸ਼ਨ ਹਨ । ਹਰ ਇੱਕ ਉਪ-ਪ੍ਰਸ਼ਨ ਇੱਕ ਅੰਕ ਦਾ ਹੈ। **10×1= 10 ਅੰਕ**

**ਭਾਗ (ਅ) -** ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:- ਭਾਗ ਅ ਪ੍ਰਸ਼ਨ ਨੰਬਰ 02 ਵਿੱਚ 05 ਉਪ-ਪ੍ਰਸ਼ਨ ਹਨ । ਹਰੇਕ ਉਪ-ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਦੇਣਾ ਹੈ। ਹਰ ਇੱਕ ਉਪ-ਪ੍ਰਸ਼ਨ ਇੱਕ ਅੰਕ ਦਾ ਹੈ । **5×1= 5 ਅੰਕ**

**ਭਾਗ (ੲ) - ਛੋਟੇ ਉੱਤਰਾਂ ਵਾਲੇ ਪ੍ਰਸ਼ਨ:-** ਭਾਗ ੲ ਪ੍ਰਸ਼ਨ ਨੰਬਰ 03 ਦੋ ਉਪ ਭਾਗਾਂ (ਸਿਲੇਬਸ ਦਾ ਭਾਗ ੳ ਅਤੇ ਭਾਗ ਅ ਦੇ ਅਨੁਸਾਰ) ਵਿੱਚ ਵੰਡਿਆ ਗਿਆ ਹੈ । **6×3=18 ਅੰਕ**

**ਉਪ-ਭਾਗ ੳ** ਵਿੱਚ 5 ਉਪ ਪ੍ਰਸ਼ਨ ਹਨ। ਜਿਨ੍ਹਾਂ ਵਿੱਚੋਂ ਕਿਸੇ 3 ਉਪ ਪ੍ਰਸ਼ਨਾਂ ਦਾ ਉੱਤਰ ਦੇਣਾ ਹੋਵੇਗਾ।

**ਉਪ-ਭਾਗ ਅ** ਵਿੱਚ ਵੀ 5 ਉਪ ਪ੍ਰਸ਼ਨ ਦਿੱਤੇ ਗਏ ਹਨ, ਜਿਨਾਂ ਵਿੱਚੋਂ ਕਿਸੇ 3 ਉਪ ਪ੍ਰਸ਼ਨਾਂ ਦਾ ਉੱਤਰ ਦੇਣਾ ਹੋਵੇਗਾ। ਹਰੇਕ ਉਪ ਪ੍ਰਸ਼ਨ ਦਾ ਉੱਤਰ 30-35 ਸ਼ਬਦਾਂ ਵਿੱਚ ਲਿਖਣਾ ਹੈ ਅਤੇ ਹਰੇਕ ਉਪ-ਪ੍ਰਸ਼ਨ 3 ਅੰਕਾਂ ਦਾ ਹੈ।

**ਭਾਗ (ਸ)- ਸਰੋਤ/ਕੇਸ ਸਟੱਡੀ ਅਧਾਰਿਤ ਪ੍ਰਸ਼ਨ:-**ਪ੍ਰਸ਼ਨ ਨੰਬਰ 04 ਦੇ ਦੋ ਉਪ ਭਾਗ ਹਨ । ਉਪ ਭਾਗ ਏ ਵਿੱਚ ਸਰੋਤ ਅਧਾਰਿਤ ਅਤੇ ਉਪ ਭਾਗ ਬੀ ਕੇਸ ਸਟੱਡੀ ਅਧਾਰਿਤ ਪ੍ਰਸ਼ਨ ਹੈ। **ਹਰੇਕ ਉਪ-ਭਾਗ ਵਿੱਚ 6 ਉਪ- ਪ੍ਰਸ਼ਨ ਦਿੱਤੇ ਗਏ ਹਨ। ਹਰੇਕ ਉਪ ਪ੍ਰਸ਼ਨ 1 ਅੰਕ ਦਾ ਹੈ।** **2×6=12 ਅੰਕ**

**ਭਾਗ (ਹ)-** ਪ੍ਰਸ਼ਨ ਨੰਬਰ 05 ਦੋ ਉਪਭਾਗਾਂ (ਸਿਲੇਬਸ ਦਾ ਭਾਗ ੳ ਅਤੇ ਭਾਗ ਅ) ਵਿੱਚ ਵੰਡਿਆ ਗਿਆ ਹੈ। **4×5=20 ਅੰਕ**

**ਉਪਭਾਗ ੳ** ਵਿੱਚ 4 ਉਪ ਪ੍ਰਸ਼ਨ ਹਨ। ਜਿਨ੍ਹਾਂ ਵਿੱਚੋਂ ਕਿਸੇ 2 ਉਪ ਪ੍ਰਸ਼ਨਾਂ ਦਾ ਉੱਤਰ ਦੇਣਾ ਹੈ।

**ਉਪ ਭਾਗ ਅ** ਵਿੱਚ ਵੀ 4 ਉਪ ਪ੍ਰਸ਼ਨ ਦਿੱਤੇ ਗਏ ਹਨ, ਜਿਨ੍ਹਾਂ ਵਿੱਚੋਂ ਕਿਸੇ 3 ਉਪ ਪ੍ਰਸ਼ਨਾਂ ਦਾ ਉੱਤਰ ਦੇਣਾ ਹੈ। ਹਰੇਕ ਉਪ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਲਿਖਣਾ ਹੈ ਅਤੇ ਹਰੇਕ ਉਪ-ਪ੍ਰਸ਼ਨ 5 ਅੰਕਾਂ ਦਾ ਹੈ।

**ਭਾਗ (ਕ)-** ਭਾਗ ਕ ਪ੍ਰਸ਼ਨ ਨੰਬਰ 6 ਨਕਸ਼ੇ ਸਬੰਧੀ ਹੈ। ਇਸ ਭਾਗ ਵਿੱਚ ਨਕਸ਼ੇ ਸਬੰਧੀ ਦੋ ਪ੍ਰਸ਼ਨ ਦਿੱਤੇ ਗਏ ਹਨ (ਇੱਕ ਸਿਲੇਬਸ ਦਾ ਭਾਗ ੳ ਵਿੱਚੋਂ ਅਤੇ ਇੱਕ ਭਾਗ ਅ ਵਿੱਚੋ), ਜਿਨ੍ਹਾਂ ਵਿੱਚੋਂ ਕੋਈ ਇੱਕ ਹੱਲ ਕਰਨਾ ਹੈ।ਪੰਜ ਅੰਕ ਨਦੀਆਂ ਦਰਸਾਉਣ ਦੇ, ਪੰਜ ਅੰਕ ਪੰਜ ਪੁੱਛੇ ਗਏ ਸਥਾਨ ਦਰਸਾਉਣ ਦੇ ਅਤੇ ਪੰਜ ਅੰਕ ਦਰਸਾਏ ਗਏ ਸਥਾਨਾਂ ਦੀ ਵਿਆਖਿਆ ਕਰਨ ਦੇ ਹੋਣਗੇ। ਦਰਸਾਏ ਗਏ ਹਰੇਕ ਸਥਾਨ ਦੀ ਵਿਆਖਿਆ 20-25 ਸ਼ਬਦਾਂ ਵਿੱਚ ਕਰਨੀ ਹੋਵੇਗੀ। **5+5+5 =15 ਅੰਕ**

## ਭਾਗ (ੳ)

1. ਬਹੁ-ਵਿਕਲਪੀ ਪ੍ਰਸ਼ਨ:- 10x 1 = 10

**(i) ਹੇਠ ਲਿਖਿਆਂ ਵਿੱਚੋਂ ਕਿਹੜਾ ਮਿਲਾਨ ਗਲਤ ਹੈ? :-**

ਖੇਤਰ --------- ਸਥਾਨ

(ੳ) ਮਾਲਵਾ ---- ਸਮਾਣਾ

(ਅ) ਬਾਂਗਰ---- ਜੀਂਦ

(ੲ) ਬਿਸਤ ਦੁਆਬ ----- ਫਗਵਾੜਾ

(ਸ) ਰਚਨਾ ਦੁਆਬ ----- ਰਾਵਲਪਿੰਡੀ

**(ii) (A) ਆਪਜੀ ਦਾ ਨਾਮ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।** 1 ਅੰਕ

**(B) ਲੰਗਰ ਦੀ ਸੰਸਥਾ ਦੇ ਵਿਕਾਸ ਵਿੱਚ ਆਪ ਜੀ ਨੇ ਵਿਸ਼ੇਸ਼ ਯੋਗਦਾਨ ਦਿੱਤਾ।ਇਹ ਸਤਰਾਂ ਕਿਸ ਮਹਾਨ ਸਖਸ਼ੀਅਤ ਨਾਲ ਸਬੰਧਤ ਹਨ?:-**

(ੳ) ਮਾਤਾ ਸੁਲੱਖਣੀ ਜੀ (ਅ) ਮਾਤਾ ਗੁਜਰੀ ਜੀ (ੲ) ਮਾਤਾ ਸਾਹਿਬ ਕੌਰ ਜੀ (ਸ) ਮਾਤਾ ਖੀਵੀ ਜੀ

**(iii) ਹੇਠ ਲਿਖਿਆਂ ਵਿੱਚੋਂ ਕਿਹੜਾ ਮਿਲਾਨ ਗ਼ਲਤ ਹੈ?** 1 ਅੰਕ

ਰਚਨਾ --------------- ਲੇਖਕ

(ੳ) ਤਾਰੀਖ਼-ਏ-ਪੰਜਾਬ--------------- ਬੂਟੇ ਸ਼ਾਹ

(ਅ) ਚਾਰ ਬਾਗ਼-ਏ-ਪੰਜਾਬ -------------ਗਣੇਸ਼ ਦਾਸ ਵਡੇਹਰਾ

(ੲ) ਤਾਰੀਖ-ਏ-ਸਿੱਖਾ ---------------ਖੁਸ਼ਵਕਤ ਰਾਏ

(ਸ) ਇਬਰਤਨਾਮਾ -------------------ਸੁਜਾਨ ਰਾਏ ਭੰਡਾਰੀ

**(iv) ਦੂਜੇ ਐਂਗਲੋ ਸਿੱਖ ਯੁੱਧ ਦੀਆਂ ਲੜਾਈਆਂ ਦਾ ਸਹੀ ਕਾਲਕ੍ਰਮ ਦੱਸੋ।** 1 ਅੰਕ

(i) ਚਿੱਲਿਆਂਵਾਲਾ (ii) ਰਾਮਨਗਰ (iii) ਗੁਜਰਾਤ (iv) ਮੁਲਤਾਨ

(ੳ) (i) (ii) (iii) (iv)

(ਅ) (ii) (i) (iv) (iii)

(ੲ) (iv) (ii) (i) (iii)

(ਸ) (i) (iii) (vi) (ii)

**(v) ਮੁਗਲ ਕਾਲ ਵਿੱਚ 'ਦਾਮ' ਨਾਮੀ ਸਿੱਕਾ ਕਿਸ ਧਾਤੂ ਦਾ ਬਣਿਆ ਹੋਇਆ ਸੀ?** 1 ਅੰਕ

(ੳ) ਸੋਨਾ (ਅ) ਤਾਂਬਾ (ੲ) ਚਾਂਦੀ (ਸ) ਕਾਂਸੀ

**(vi) ਕਿਹੜਾ ਕਥਨ ਸ਼੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸ਼ਹੀਦ ਹੋਏ ਸਿੱਖਾਂ ਨਾਲ ਸਬੰਧਤ ਨਹੀਂ ਹੈ?:-** 1 ਅੰਕ

(ੳ) ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ ।

(ਅ) ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟਿਆ ਗਿਆ ।

(ੲ) ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਅੱਗ ਲਗਾਈ ਗਈ ।

(ਸ) ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲਿਆ ਗਿਆ ।

**(vii) ਹੇਠ ਲਿਖੇ ਨੂੰ ਧਿਆਨ ਨਾਲ ਪੜ੍ਹੋ ਤੇ ਉੱਤਰ ਦਿਓ:-** 1 ਅੰਕ

ਮਿਸਲ --------ਪ੍ਰਸਿੱਧ ਸਰਦਾਰ

1. ਭੰਗੀ (i) ਤਾਰਾ ਸਿੰਘ ਘੇਬਾ

2. ਡੱਲੇਵਾਲੀਆ (ii) ਹਰੀ ਸਿੰਘ

3. ਨਕੱਈ (iii) ਜੈ ਸਿੰਘ

4. ਕਨੱਈਆ (iv) ਹੀਰਾ ਸਿੰਘ

ਉਪਰੋਕਤ ਦੇ ਅਧਾਰ ਤੇ ਕਿਹੜਾ ਉੱਤਰ ਸਹੀ ਹੈ:-

| | 1 | 2 | 3 | 4 |
|---|---|---|---|---|
| (ੳ) | (iii) | (iv) | (i) | (ii) |
| (ਅ) | (ii) | (i) | (iv) | (iii) |
| (ੲ) | (i) | (ii) | (iii) | (iv) |
| (ਸ) | (iv) | (iii) | (ii) | (i) |

**(viii) (A) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੁਰੱਖਿਆ ਲਈ ਅੰਮ੍ਰਿਤਸਰ ਨਗਰ ਦੇ ਚਾਰੇ ਪਾਸੇ ਇੱਕ ਦੀਵਾਰ ਬਣਵਾ ਦਿੱਤੀ।** 1 ਅੰਕ

**(B) ਇੱਥੇ ਹੀ ਇੱਕ ਕਿਲੇ ਦੀ ਉਸਾਰੀ ਕਰਵਾਈ ਗਈ।ਇਸ ਕਿਲ੍ਹੇ ਦਾ ਕੀ ਨਾਮ ਰੱਖਿਆ ਗਿਆ? 1 ਅੰਕ**

(ੳ) ਅਨੰਦਗੜ੍ਹ (ਅ) ਲੋਹਗੜ੍ਹ (ੲ) ਬਹਾਦਰਗੜ੍ਹ (ਸ) ਅਕਾਲਗੜ੍ਹ

(ix) **ਮਹਾਰਾਜਾ ਰਣਜੀਤ ਸਿੰਘ ਸੰਬੰਧੀ ਕਿਹੜਾ ਕਥਨ ਸਹੀ ਹੈ? :-** 1 ਅੰਕ

(ੳ) ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰ ਨੂੰ ਸਰਕਾਰ-ਏ- ਰਣਜੀਤ ਸਿੰਘ ਕਿਹਾ ਜਾਂਦਾ ਸੀ।

(ਅ) ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਨੂੰ ਦਰਬਾਰ -ਏ-ਖਾਲਸਾ ਕਿਹਾ ਜਾਂਦਾ ਸੀ।

(ੲ) ਸਦਾ ਕੌਰ ਨੂੰ ਮਾਈ ਮਲਵੈਣ ਕਿਹਾ ਜਾਂਦਾ ਸੀ।

(ਸ) ਮਹਾਰਾਜਾ ਰਣਜੀਤ ਸਿੰਘ ਦੀ ਰਾਜਭਾਸ਼ਾ ਪੰਜਾਬੀ ਸੀ।

(x) **ਜ਼ਕਰੀਆ ਖਾਨ ਸਮੇਂ ਹੋਈਆਂ ਸ਼ਹੀਦੀਆਂ ਦਾ ਸਹੀ ਕਾਲਕ੍ਰਮ ਦੱਸੋ?** 1 ਅੰਕ

(i) ਭਾਈ ਮਨੀ ਸਿੰਘ (ii) ਭਾਈ ਤਾਰਾ ਸਿੰਘ ਵਾ (iii) ਬਾਲ ਹਕੀਕਤ ਰਾਏ (iv) ਭਾਈ ਤਾਰੂ ਸਿੰਘ

(ੳ) (i) (ii) (iii) (iv)

(ਅ) (vi) (iii) (ii) (i)

(ੲ) (iii) (i) (ii) (iv)

(ਸ) (ii) (i) (iii) (iv)

## ਭਾਗ (ਅ)

**2. ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਲਾਇਨ ਵਿੱਚ ਦਿਓ:-** 5x 1 = 5 ਅੰਕ

(i) ਖਾਲਸਾ ਦਰਬਾਰ ਰਿਕਾਰਡ ਕਿਸ ਭਾਸ਼ਾ ਵਿੱਚ ਹੈ? 1

(ii) ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਲਹਿਣਾ ਜੀ ਦੀ ਪਹਿਲੀ ਮੁਲਾਕਾਤ ਕਿੱਥੇ ਹੋਈ? 1

(iii) ਹਰਿਮੰਦਰ ਸਾਹਿਬ ਦੀ ਨੀਂਹ ਕਿਸਨੇ ਰੱਖੀ? 1

(iv) ਮੱਸੇ ਰੰਗੜ ਨੂੰ ਉਸਦੇ ਬੁਰੇ ਕੰਮਾਂ ਦੀ ਸਜ਼ਾ ਕਿਸਨੇ ਦਿੱਤੀ ਸੀ? 1

(v) ਵਫ਼ਾ ਬੇਗ਼ਮ ਕੌਣ ਸੀ? 1

ਭਾਗ (ੲ)

**3. ਕੋਈ ਛੇ ਪ੍ਰਸ਼ਨ ਕਰੋ। ਹਰੇਕ ਭਾਗ ਵਿੱਚੋਂ ਤਿੰਨ ਪ੍ਰਸ਼ਨ ਕਰਨੇ ਜਰੂਰੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 30-35 ਸ਼ਬਦਾਂ ਵਿੱਚ ਦਿਓ:-** **6x3=18 ਅੰਕ**

**(A) ਕੋਈ ਤਿੰਨ ਪ੍ਰਸ਼ਨ ਕਰੋ।**

(i) ਮਾਲਵਾ ਅਤੇ ਬਾਂਗਰ 'ਤੇ ਨੋਟ ਲਿਖੋ। 3

(ii) ਮੰਜੀ ਪ੍ਰਥਾ 'ਤੇ ਨੋਟ ਲਿਖੋ। 3

(iii) ਆਦਿ ਗ੍ਰੰਥ ਸਾਹਿਬ ਦੇ ਸੰਪਾਦਨ ਦੇ ਕੋਈ ਤਿੰਨ ਕਾਰਨ ਦੱਸੋ। 3

(iv) ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਕੋਈ ਤਿੰਨ ਕਾਰਨ ਲਿਖੋ। 3

(v) ਬੰਦਾ ਸਿੰਘ ਬਹਾਦਰ ਜੀ ਦੀ ਸਮਾਣਾ ਦੀ ਜਿੱਤ ਉੱਤੇ ਨੋਟ ਲਿਖੋ। 3

**(B) ਕੋਈ ਤਿੰਨ ਪ੍ਰਸ਼ਨ ਕਰੋ।**

(vi) ਮੁਗਲ ਕਾਲ ਵਿੱਚ ਪੰਜਾਬ ਦੇ ਲੋਕਾਂ ਦਾ ਭੋਜਨ ਕਿਹੋ ਜਿਹਾ ਸੀ? 3

(vii) ਮਿਸਲਾਂ ਅਧੀਨ ਰਾਖੀ ਪ੍ਰਥਾ ਕੀ ਸੀ? 3

(viii) ਤ੍ਰੈ-ਪੱਖੀ ਸੰਧੀ (1838) ਦੀਆਂ ਧਾਰਾਵਾਂ ਦੱਸੋ। 3

(ix) ਅਕਾਲੀ ਫੂਲਾ ਸਿੰਘ ਤੇ ਨੋਟ ਲਿਖੋ। 3

(x) ਸਭਰਾਓ ਦੀ ਲੜਾਈ 'ਤੇ ਨੋਟ ਲਿਖੋ। 3

ਭਾਗ (ਸ)

**4. ਹੇਠ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:-** **12x1=12 ਅੰਕ**

(A) ਅਜ਼ੀਮ ਖਾਂ ਨੇ ਬਿਨਾਂ ਕਿਸੇ ਟਾਕਰੇ ਵਿਰੋਧ ਦੇ ਪਸ਼ੌਰ ਉੱਤੇ ਕਬਜ਼ਾ ਕਰ ਲਿਆ। ਆਸ-ਪਾਸ ਤੋਂ ਹਜ਼ਾਰਾਂ ਹੋਰ ਪਠਾਣ ਜਹਾਦ ਦੀ ਖਾਤਰ ਉਸ ਦੇ ਨਾਲ ਆ ਰਲੇ। ਉਸ ਨੇ ਸਿੱਖਾਂ ਨਾਲ ਦੋ ਹੱਥ ਕਰਨ ਲਈ ਨੌਸ਼ਹਿਰਾ ਤੇ ਹਸਤ ਨਗਰ ਰਣਭੂਮੀ ਲਈ ਚੁਣੇ।ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਵੀ ਜੰਗ ਦਾ ਨਗਾਰਾ ਵਜਾ ਦਿੱਤਾ। ਸ਼ਹਿਜ਼ਾਦਾ ਸ਼ੇਰ ਸਿੰਘ ਦੀ ਕਮਾਨ ਹੇਠ ਇੱਕ ਸੈਨਾ ਪਸ਼ੌਰ ਵੱਲ ਤੋਰੀ ਗਈ। ਮਗਰੇ ਮਗਰ ਸਰਦਾਰ ਹਰੀ ਸਿੰਘ ਨਲੂਆ ਤੁਰ ਪਿਆ। ਕੁਝ ਚਿਰ ਮਗਰੋਂ ਮਹਾਰਾਜਾ ਸਾਹਿਬ ਨੇ ਆਪ ਬਹੁਤ ਵੱਡੀ ਫੌਜ ਸਮੇਤ ਪਸ਼ੌਰ ਵੱਲ ਕੂਚ ਕੀਤਾ। ਅਕਾਲੀ ਫੂਲਾ ਸਿੰਘ, ਸ: ਦੇਸਾ ਸਿੰਘ ਮਜੀਠੀਆ ਅਤੇ ਫਤਿਹ ਸਿੰਘ ਆਹਲੂਵਾਲੀਆ ਉਨ੍ਹਾਂ ਦੇ ਨਾਲ ਸਨ।

ਅਜ਼ੀਮ ਖਾਂ ਨੇ ਆਪਣੇ ਭਤੀਜੇ ਮੁਹੰਮਦ ਜ਼ਮਾਨ ਨੂੰ ਭਾਰੀ ਲਸ਼ਕਰ ਦੇ ਕੇ ਜਹਾਂਗੀਰੇ ਦਾ ਕਿਲ੍ਹਾ ਸਰ ਕਰਨ ਲਈ ਭੇਜਿਆ। ਉੱਥੇ ਸਿੱਖ ਫੌਜ ਬਹੁਤ ਥੋੜ੍ਹੀ ਸੀ। ਪਠਾਣਾਂ ਨੇ ਕਿਲ੍ਹਾ ਸਰ ਕਰ ਲਿਆ। ਉਧਰੋਂ ਮਹਾਰਾਜਾ ਸ਼ੇਰ ਸਿੰਘ ਅਤੇ ਸਰਦਾਰ ਹਰੀ ਸਿੰਘ ਨਲੂਆ ਅਟਕ ਪਾਰ ਕਰ ਕੇ ਆ ਪਹੁੰਚੇ। ਉਨ੍ਹਾਂ ਨੇ ਜਹਾਂਗੀਰੇ ਉੱਪਰ ਫਿਰ ਕਬਜ਼ਾ ਕਰ ਲਿਆ। ਜਹਾਂਗੀਰੇ ਦੀ ਹਾਰ ਸੁਣ ਕੇ ਅਜ਼ੀਮ ਖਾਂ ਤੜਪ ਉਠਿਆ। ਉਸ ਨੇ ਦੋਸਤ ਮੁਹੰਮਦ ਖਾਂ ਤੇ ਜਬਾਰ ਖਾਂ ਦੀ ਕਮਾਨ ਹੇਠ ਗਾਜ਼ੀਆਂ ਦਾ ਤਕੜਾ ਲਸ਼ਕਰ ਜਹਾਂਗੀਰੇ ਵੱਲ ਭੇਜਿਆ। ਜਹਾਂਗੀਰੇ ਪਾਸ ਖੂਨੀ ਜੰਗ ਹੋਈ। ਸਿੱਖਾਂ ਨੇ ਗਾਜ਼ੀਆਂ ਦੇ ਚੰਗੇ ਆਹੂ ਲਾਹੇ। ਜਿਸ ਬੇੜੀਆਂ ਦੇ ਪੁਲ ਰਾਹੀਂ ਸਿੱਖਾਂ ਨੇ ਅਟਕ ਪਾਰ ਕੀਤਾ ਸੀ, ਪਠਾਣਾਂ ਨੇ ਉਹ ਪੁਲ ਤੋੜ ਦਿੱਤਾ, ਤਾਂ ਜੋ ਮਹਾਰਾਜਾ ਵੱਲੋਂ ਸ਼ਹਿਜ਼ਾਦਾ ਸ਼ੇਰ ਸਿੰਘ ਨੂੰ ਸਹਾਇਤਾ ਨਾ ਪੁੱਜ ਸਕੇ। ਉਧਰੋਂ ਮਹਾਰਾਜਾ ਸਾਹਿਬ ਫੌਜ ਸਮੇਤ ਅਟਕ ਦੇ ਕੰਢੇ ਪਹੁੰਚ ਗਏ। ਉਨ੍ਹਾਂ ਨੇ ਬੇੜੀਆਂ ਦਾ ਨਵਾਂ ਪਲ ਤਿਆਰ ਕਰਵਾਉਣਾ ਸ਼ੁਰੂ ਕਰ ਦਿੱਤਾ ਪਰ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਖਾਲਸਾ ਫੌਜ ਨੂੰ ਪਠਾਣਾਂ ਦੇ ਟਿੱਡੀ ਦਲ ਨੇ ਘੇਰਿਆ ਹੋਇਆ ਹੈ, ਤਾਂ ਉਨ੍ਹਾਂ ਨੇ ਅਟਕ ਵਿੱਚ ਦੀ ਲੰਘ ਕੇ ਪਾਰ ਜਾਣ ਦਾ ਫੈਸਲਾ ਕਰ ਲਿਆ। ਉਨ੍ਹਾਂ ਨੇ ਫੌਜ ਨੂੰ

ਲਲਕਾਰਾ ਮਾਰ ਕੇ ਜੈਕਾਰਾ ਗਜਾ ਕੇ ਆਪਣਾ ਘੋੜਾ ਅਟਕ ਵਿੱਚ ਠੇਲ੍ਹ ਦਿੱਤਾ। ਉਨ੍ਹਾਂ ਦੇ ਮਗਰ ਖਾਲਸਾ ਸੂਰਬੀਰ ਠਿਲ੍ਹ ਪਏ ਅਤੇ ਛੇਤੀ ਹੀ ਖਾਲਸਾ ਫੌਜਾਂ ਅਟਕੋਂ ਪਾਰ ਹੋ ਗਈਆਂ।

(i) ਹੋਰ ਪਠਾਣ ਅਜੀਮ ਖਾਨ ਨਾਲ ਆ ਕੇ ਕਿਉਂ ਮਿਲ ਗਏ?

(ii) ਖਾਲਸਾ ਫੌਜ ਨੇ ਕਿਹੜਾ ਦਰਿਆ ਪਾਰ ਕਰਨ ਦਾ ਫੈਸਲਾ ਕੀਤਾ?

(iii) ਮਹਾਰਾਜਾ ਸਾਹਿਬ ਫੌਜ ਸਮੇਤ ਕਿੱਥੇ ਪਹੁੰਚੇ ਸਨ?

(iv) ਇਹ ਪੈਰਾ ਕਿਸ ਘਟਨਾ ਵੱਲ ਧਿਆਨ ਦਿਵਾਉਂਦਾ ਹੈ?

(v) ਖੂਨੀ ਜੰਗ ਕਿੱਥੇ ਹੋਈ ਸੀ?

(vi) ਸ਼ਹਿਜ਼ਾਦਾ ਸ਼ੇਰ ਸਿੰਘ ਕੌਣ ਸੀ?

**ਹੇਠਾਂ ਦਿੱਤੀ ਕੇਸ ਸਟੱਡੀ ਨੂੰ ਧਿਆਨ ਨਾਲ ਪੜ੍ਹਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:-**

(B) ਭੁਪਿੰਦਰ, ਅਮਨੀਸ਼, ਨਰੇਸ਼, ਸੰਜੀਵ ਤੇ ਕਰਨੈਲ ਸਿੰਘ ਪੰਜ ਦੋਸਤ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਇਤਿਹਾਸਕ ਸਥਾਨਾਂ ਦੀ ਯਾਤਰਾ ਲਈ ਚਲਦੇ ਹਨ। ਪੰਜੇ ਦੋਸਤ ਅਪਣੇ ਅਪਣੇ ਘਰਾਂ ਤੋਂ ਇੱਕੋ ਦਿਨ ਤੁਰਦੇ ਹਨ ਤੇ ਸਾਰਿਆਂ ਨੇ ਆਪਣਾ ਆਪਣਾ ਯਾਤਰਾ ਪ੍ਰੋਗਰਾਮ ਬਣਾਇਆ ਹੋਇਆ ਹੈ। ਕਰਨੈਲ ਸਿੰਘ ਦਾ ਪਿੰਡ ਦਰਿਆ ਘੱਗਰ ਤੇ ਸਤਲੁਜ ਦੇ ਵਿਚਕਾਰ ਪੈਂਦਾ ਹੈ। ਭੁਪਿੰਦਰ ਮਾਝੇ ਨਾਲ ਸਬੰਧਿਤ ਹੈ। ਨਰੇਸ਼ ਤੇ ਸੰਜੀਵ ਦਾ ਉਸ ਥਾਂ ਇੱਕਠੇ ਹੋਣ ਦਾ ਪ੍ਰੋਗਰਾਮ ਹੈ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਨਾਲ ਅਪਣੀ ਆਖਰੀ ਜੰਗ ਲੜੀ ਸੀ। ਅਮਨੀਸ਼ ਦਾ ਪਿੰਡ ਗੁਰਦਾਸ ਨੰਗਲ ਦੇ ਨੇੜੇ ਹੈ ਤੇ ਉਸਦਾ ਕਰਨੈਲ ਸਿੰਘ ਨਾਲ ਮਿਲਣ ਦਾ ਪ੍ਰੋਗਰਾਮ ਗੁਰੂ ਅੰਗਦ ਦੇਵ ਜੀ ਦੁਆਰਾ ਵਸਾਏ ਗਏ ਇੱਕ ਨਗਰ ਵਿਖੇ ਹੈ ਜਿਹੜਾ ਤੀਜੇ ਗੁਰੂ ਸਾਹਿਬ ਜੀ ਦੀਆਂ ਗਤੀਵਿਧੀਆਂ ਦਾ ਕੇਂਦਰ ਸੀ। ਸੰਜੀਵ ਸਭ ਤੋਂ ਪਹਿਲਾਂ ਉਸ ਥਾਂ ਪਹੁੰਚੇਗਾ ਜਿੱਥੇ ਅੱਠਵੇਂ ਗੁਰੂ ਸਾਹਿਬ ਜੀ ਨੇ ਚੇਚਕ ਦੇ ਰੋਗੀਆਂ ਦੀ ਸੇਵਾ ਕੀਤੀ ਸੀ। ਨਰੇਸ਼ ਭੁਪਿੰਦਰ ਨੂੰ ਮਿਲਣ ਤੋਂ ਇੱਕ ਦਿਨ ਪਹਿਲਾਂ ਉਸ ਥਾਂ ਦੇ ਦਰਸ਼ਨ ਕਰੇਗਾ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਸਾਹਿਬ ਸੰਪੂਰਨ ਕੀਤਾ ਸੀ। ਸਾਰੇ ਦੋਸਤ ਨੌਵੇਂ ਪਾਤਸ਼ਾਹ ਜੀ ਦਾ ਸ਼ਹੀਦੀ ਸਥਾਨ ਵੇਖਣਗੇ ਤੇ ਅਗਲੇ ਦਿਨ ਉਸ ਸਥਾਨ ਦੇ ਦਰਸ਼ਨਾਂ ਲਈ ਤੁਰਨਗੇ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਮਾਧੋ ਦਾਸ ਦਾ ਮੇਲ ਹੋਇਆ ਸੀ। ਭੁਪਿੰਦਰ,ਅਮਨੀਸ਼ ਤੇ ਕਰਨੈਲ ਸਿੰਘ ਨਾਂਦੇੜ ਸਾਹਿਬ ਤੋਂ ਸਿੱਧਾ ਉਸ ਇਤਿਹਾਸਕ ਸਥਾਨ ਦੇ ਦਰਸ਼ਨ ਕਰਨ ਲਈ ਜਾਣਾ ਚਾਹੁੰਦੇ ਹਨ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰਤੀ ਦਾ ਉਚਾਰਣ ਕੀਤਾ ਸੀ।

(i) ਮਾਲਵਾ ਖੇਤਰ ਵਿੱਚ ਕੌਣ ਰਹਿੰਦਾ ਹੈ? 1

(ii) ਨਾਂਦੇੜ ਸਾਹਿਬ ਜਾਣ ਦਾ ਪ੍ਰੋਗਰਾਮ ਕਿਸ ਕਿਸ ਦਾ ਹੈ? 1

(iii) ਗੋਇੰਦਵਾਲ ਸਾਹਿਬ ਵਿਖੇ ਕੌਣ ਕੌਣ ਮਿਲਣਗੇ? 1

(iv) ਬਾਰੀ ਦੋਆਬ ਵਿੱਚ ਕਿਹੜਾ ਰਹਿੰਦਾ ਹੈ? 1

(v) ਗੁਰਦੁਆਰਾ ਸ਼ੀਸ ਗੰਜ ਸਾਹਿਬ ਦੇ ਦਰਸ਼ਨ ਕੌਣ ਕੌਣ ਕਰੇਗਾ? 1

(vi) ਅੱਠਵੇਂ ਗੁਰੂ ਸਾਹਿਬ ਜੀ ਨੇ ਚੇਚਕ ਦੇ ਰੋਗੀਆਂ ਦੀ ਸੇਵਾ ਕਿੱਥੇ ਕੀਤੀ? 1

## ਭਾਗ (ਹ)

5. (A) **ਕੋਈ ਦੋ ਪ੍ਰਸ਼ਨਾਂ ਦੇ ਉੱਤਰ ਦਿਓ। ਹਰੇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਲਿਖੋ।**

**4x5 = 20 ਅੰਕ**

(i) ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਕੀ ਉਦੇਸ਼ ਸਨ? 5

(ii) ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਸਿੱਖ ਧਰਮ ਵਿੱਚ ਪਾਏ ਯੋਗਦਾਨ ਦੀ ਚਰਚਾ ਕਰੋ। 5

(iii) ਸ੍ਰੀ ਗੁਰੂ ਹਰਿਕ੍ਰਿਸ਼ਨ ਜੀ 'ਤੇ ਨੋਟ ਲਿਖੋ। 5

(iv) ਖਾਲਸਾ ਪੰਥ ਦੀ ਸਿਰਜਣਾ ਦੇ ਕੀ ਕਾਰਨ ਸਨ? 5

5.(B) **ਕੋਈ ਦੋ ਪ੍ਰਸ਼ਨਾਂ ਦੇ ਉੱਤਰ ਦਿਓ। ਹਰੇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਲਿਖੋ**

(i) ਦਲ ਖਾਲਸਾ ਦੀ ਸੈਨਿਕ ਪ੍ਰਣਾਲੀ ਦੀਆਂ ਮਹੱਤਵਪੂਰਣ ਵਿਸ਼ੇਸਤਾਵਾਂ ਦਾ ਵਰਨਣ ਕਰੋ। 5

(ii) ਅਹਿਮਦ ਸ਼ਾਹ ਅਬਦਾਲੀ ਦੇ ਛੇਵੇਂ ਹਮਲੇ (ਵੱਡਾ ਘੱਲੂਘਾਰਾ) ਦੀ ਚਰਚਾ ਕਰੋ। 5

(iii) ਮਹਾਰਾਜਾ ਰਣਜੀਤ ਸਿੰਘ ਦੇ ਨਿਆਂ ਪ੍ਰਬੰਧ ਦੀ ਵਿਆਖਿਆ ਕਰੋ। 5

(iv) ਪਹਿਲੇ ਐਂਗਲੋ ਸਿੱਖ ਯੁੱਧ ਦੇ ਕੀ ਕਾਰਨ ਸਨ। 5

## ਭਾਗ (ਕ) 5+ 5 + 5 =15 ਅੰਕ

**6. ਮਾਨਚਿੱਤਰ ਸਬੰਧੀ ਪ੍ਰਸ਼ਨ**

(i) ਦਿੱਤੇ ਗਏ ਪੰਜਾਬ ਦੇ ਮਾਨਚਿੱਤਰ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ ਦੇ ਕੋਈ ਪੰਜ ਸਥਾਨਦਰਸਾਉ।

(ii) ਦਰਸਾਏ ਗਏ ਹਰੇਕ ਸਥਾਨ ਦੀ 20-25 ਸ਼ਬਦਾਂ ਵਿੱਚ ਵਿਆਖਿਆ ਕਰੋ।

**ਜਾਂ**

(i) ਦਿੱਤੇ ਗਏ ਪੰਜਾਬ ਦੇ ਮਾਨਚਿੱਤਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ ਦੇ ਕੋਈ ਪੰਜ ਸਥਾਨਦਰਸਾਉ।

(ii) ਦਰਸਾਏ ਗਏ ਹਰੇਕ ਸਥਾਨ ਦੀ 20-25 ਸ਼ਬਦਾਂ ਵਿੱਚ ਵਿਆਖਿਆ ਕਰੋ।